ਕੀ ਤੁਸੀਂ ਕਦੇ ਆਪਣੀ ਨਸਲ, ਰੰਗ, ਰਾਸ਼ਟਰੀ ਮੂਲ, ਧਰਮ, ਅਪਾਹਜਤਾ, ਜਿਨਸੀ ਝੁਕਾਅ, ਜਾਂ ਲਿੰਗ ਪਛਾਣ ਦੇ ਕਾਰਨ ਨਫ਼ਰਤ ਅਧਾਰਿਤ ਅਪਰਾਧ ਦਾ ਸ਼ਿਕਾਰ ਬਣੇ ਹੋ?

ਕੀ ਤੁਹਾਡੇ ਨਾਲ ਕਦੇ ਤੁਹਾਡੀ ਨਸਲ, ਰੰਗ, ਰਾਸ਼ਟਰੀ ਮੂਲ, ਧਰਮ, ਅਪਾਹਜਤਾ, ਜਿਨਸੀ ਝੁਕਾਅ, ਜਾਂ ਲਿੰਗ ਪਛਾਣ, ਇਮੀਗ੍ਰੇਸ਼ਨ ਦੀ ਸਥਿਤੀ, ਫੌਜੀ ਜਾਂ ਸਾਬਕਾ ਫੌਜੀ ਸਟੇਟਸ ਜਾਂ ਸਿਖਲਾਈ ਪ੍ਰਾਪਤ ਸਰਵਿਸ ਐਨੀਮਲ ਦੀ ਵਰਤੋਂ ਦੇ ਕਾਰਨ ਪੱਖਪਾਤ ਹੋਇਆ ਹੈ?

# ਨਫ਼ਰਤ ਦੀ ਰਿਪੋਰਟ ਕਰੋ। ਸਹਾਇਤਾ ਪ੍ਰਾਪਤ ਕਰੋ।

Attorney General's Office (ਅਟਾਰਨੀ ਜਨਰਲ ਦੇ ਦਫ਼ਤਰ) ਦੀ Washington State Hate Crimes and Bias Incidents Hotline (ਵਾਸ਼ਿੰਗਟਨ ਰਾਜ ਨਫ਼ਰਤ ਅਧਾਰਿਤ ਅਪਰਾਧ ਅਤੇ ਪੱਖਪਾਤ ਦੀਆਂ ਘਟਨਾਵਾਂ ਵਾਲੀ ਹੌਟਲਾਈਨ) ਨਾਲ ਸੰਪਰਕ ਕਰੋ।

ਜੇਕਰ ਤੁਸੀਂ ਨਫ਼ਰਤ ਜਾਂ ਪੱਖਪਾਤ ਦੇ ਸ਼ਿਕਾਰ ਬਣੇ ਹੋ, ਜਾਂ ਕਿਸੇ ਨਾਲ ਅਜਿਹਾ ਹੁੰਦੇ ਵੇਖਿਆ ਹੈ, ਤਾਂ ਵਾਸ਼ਿੰਗਟਨ ਦੀ State Hate Crimes and Bias Incidents ਦੀ ਹੌਟਲਾਈਨ ਤੁਹਾਡੀ ਸਹਾਇਤਾ ਲਈ ਉਪਲਬਧ ਹੈ। ਇਹ ਹੌਟਲਾਈਨ ਤੁਹਾਨੂੰ ਸਥਾਨਕ, ਪੀੜਤ-ਕੇਂਦਰਿਤ, ਸੱਭਿਆਚਾਰਕ ਤੌਰ 'ਤੇ ਢੁਕਵੀਂਆਂ ਅਤੇ ਟਰੌਮਾ ਪ੍ਰਤੀ ਸਚੇਤ ਸੇਵਾਵਾਂ ਨਾਲ ਜੁੜਨ ਵਿੱਚ ਮਦਦ ਕਰਦੀ ਹੈ।

ਹੌਟਲਾਈਨ ਨਾਲ ਸੰਪਰਕ ਕਰਕੇ ਨਫ਼ਰਤ ਦੀ ਰਿਪੋਰਟ ਕਰੋ ਅਤੇ ਸਹਾਇਤਾ ਪ੍ਰਾਪਤ ਕਰੋ:
ਔਨਲਾਈਨ: https://www.atg.wa.gov/report-hate
ਫ਼ੋਨ: 855-225-1010